SMS ਰਾਹੀਂ ਵੀ ਭੇਜੀ ਜਾਂਦੀ ਹੈ। ਇਸ ਨੂੰ ਪੜ੍ਹਨਾ ਅਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਬੋਰਡ ਵੱਲੋਂ ਕਿਸੇ ਵੀ ਸਕੂਲ ਨੂੰ ਵੱਖਰੇ ਤੌਰ ਤੇ ਪੱਤਰ ਰਾਹੀਂ ਸੂਚਨਾ ਨਹੀਂ ਭੇਜੀ ਜਾਵੇਗੀ। ਜੇਕਰ ਕਿਸੀ ਸਕੂਲ ਮੁਖੀ ਦੀ ਬਦਲੀ ਹੋ ਜਾਂਦੀ ਹੈ ਜਾਂ ਕੋਈ ਰਿਟਾਇਰਡ ਹੋ ਜਾਂਦਾ ਹੈ ਤਾਂ ਸਬੰਧਤ ਦਾ ਮੋਬਾਇਲ ਨੰਬਰ ਬੋਰਡ ਦੀ ਐਫੀਲਿਏਸ਼ਨ ਸ਼ਾਖਾ ਵਿੱਚ ਸਕੂਲ ਦੇ ਲੈਟਰ ਪੈਡ ਤੇ ਲਿਖਕੇ ਦੇਣ ਉਪਰੰਤ ਤਬਦੀਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

(5) ਸਕੂਲ ਮੁੱਖੀ ਵੱਲੋਂ ਬੋਰਡ ਨਾਲ ਆਨ-ਲਾਈਨ ਈਮੇਲ ਰਾਹੀਂ ਜਾਂ ਕੋਈ ਵੀ ਪੱਤਰ ਵਿਹਾਰ ਕਰਨ ਸਮੇਂ ਆਪਣੇ ਸਕੂਲ ਦੇ ਲੈਟਰ ਪੈਡ ਤੇ ਵਿਸ਼ੇ ਸਬੰਧੀ ਡਿਟੇਲ, ਸਕੂਲ ਕੋਡ, ਸ਼ਨਾਖਤੀ ਨੰਬਰ ਅਤੇ ਸਕੂਲ ਮੁਖੀ ਦਾ ਮੋਬਾਇਲ ਨੰਬਰ ਜ਼ਰੂਰ ਲਿਖਿਆ ਜਾਵੇ।

(6) Unified Registration Portal ਵਿੱਚ ਐਂਟਰ ਕੀਤੇ ਵਿਦਿਆਰਥੀਆਂ ਨੂੰ ਜਨਮ ਅਤੇ ਮੌਤ ਰਜਿਸ਼ਟ੍ਰੇਸ਼ਨ ਦਫ਼ਤਰ ਵੱਲੋਂ ਜਾਰੀ ਹੋਇਆ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੋਵੇਗਾ।

ਪੰਜਾਬ ਰਾਜ ਵਿੱਚ ਜਨਮ ਲੈਣ ਵਾਲੇ ਵਿਦਿਆਰਥੀਆਂ ਨੂੰ ਜਨਮ ਅਤੇ ਮੌਤ ਰਜਿਸ਼ਟ੍ਰੇਸ਼ਨ ਦਫ਼ਤਰ ਵੱਲੋਂ ਸੇਵਾ ਕੇਂਦਰ ਰਾਹੀਂ ਜਾਰੀ ਕੀਤਾ ਗਿਆ Date of Birth Certificate ਜੋ ਕਿ Digitalized Form ਵਿੱਚ ਹੋਵੇ ,ਕੇਵਲ ਉਹ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ। Unified Registration Portal ਅਧੀਨ Digital A.W. Register ਵਿੱਚ ਇਸ ਸਰਟੀਫਿਕੇਟ ਦਾ ਰਜਿਸ਼ਟ੍ਰੇਸ਼ਨ ਨੰਬਰ ਭਰਿਆ ਜਾਣਾ ਲਾਜ਼ਮੀ ਹੋਵੇਗਾ ਜੋ ਕਿ ਆਟੋਮੈਟਿਕ ਆਨਲਾਈਨ ਵਿਧੀ ਨਾਲ ਹੀ ਵੈਰੀਫਾਈ ਹੋਵੇਗਾ। ਜੇਕਰ ਕਿਸੇ ਵਿਦਿਆਰਥੀ ਕੋਲ ਇਹ ਸਰਟੀਫਿਕੇਟ ਨਹੀਂ ਹੈ ਤਾਂ ਆਨ-ਲਾਈਨ ਦਾਖਲਾ ਪੋਰਟਲ ਵਿੱਚ ਐਂਟਰੀ ਕਰਨ ਤੋਂ ਪਹਿਲਾਂ ਸੇਵਾ ਕੇਂਦਰ ਰਾਹੀਂ ਜਾਂ ਆਨਲਾਈਨ ਪੋਰਟਲ ਰਾਹੀਂ ਇਹ ਸਰਟੀਫਿਕੇਟ ਜਾਰੀ ਕਰਵਾ ਲਿਆ ਜਾਣਾ ਯੋਗ ਹੋਵੇਗਾ। ਜਨਮ ਸਰਟੀਫਿਕੇਟ ਜਾਰੀ ਕਰਵਾਉਣ ਸਬੰਧੀ ਹਦਾਇਤਾਂ ਅਤੇ ਆਨਲਾਈਨ ਅਪਲਾਈ ਕਰਨ ਲਈ ਫਾਰਮ ਆਦਿ https://connect.punjab.gov.in/service/citizenservice ਲਿੰਕ ਅਧੀਨ ਉਪਲੱਬਧ ਹੈ। Updation/ ਸੋਧ ਉਪਰੰਤ ਸਕੂਲ ਲਾਗਇੰਨ ਆਈ.ਡੀ. ਰਾਹੀਂ Correction Proforma ਅਧੀਨ ਮਿਤੀ 30/09/2026 ਤੱਕ ਜਨਮ ਰਜਿਸਟ੍ਰੇਸ਼ਨ ਨੰਬਰ ਅਪਡੇਟ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਕਤ ਅਨੁਸਾਰ ਕਾਰਵਾਈ ਨਾ ਕਰਨ ਤੇ {8th/10th} ਸ਼੍ਰੇਣੀ ਦੇ ਸਰਟੀਫਿਕੇਟ 'ਤੇ ਜਨਮ ਮਿਤੀ ਪ੍ਰਿੰਟ ਨਹੀਂ ਕੀਤੀ ਜਾਵੇਗੀ।

ਪੰਜਾਬ ਰਾਜ ਤੋਂ ਬਾਹਰਲੇ ਭਾਰਤ ਦੇ ਕਿਸੇ ਰਾਜ ਵਿੱਚ ਜਨਮੇ ਵਿਦਿਆਰਥੀਆਂ ਦੇ ਜਨਮ ਸਰਟੀਫਿਕੇਟ ਸਕੂਲ ਮੁਖੀ ਵੱਲੋਂ ਆਪਣੇ ਪੱਧਰ 'ਤੇ ਵੈਰੀਫਾਈ ਕਰਵਾ ਲਏ ਜਾਣ ਅਤੇ ਸਹੀ ਹੋਣ ਦੀ ਸੂਰਤ ਵਿੱਚ ਹੀ Unified Registration Portal ਵਿੱਚ ਐਂਟਰੀ ਕੀਤੀ ਜਾਵੇ ਅਤੇ ਸਰਟੀਫਿਕੇਟ ਦੀ ਕਾਪੀ ਅਪਲੋਡ ਕਰਨੀ ਲਾਜ਼ਮੀ ਹੋਵੇਗੀ।

(7) ਵਿਦਿਆਰਥੀਆਂ ਦਾ ਦਾਖਲਾ ਸਕੂਲ ਦੇ ਆਫਲਾਈਨ ਦਾਖਲਾ ਖਾਰਜ ਰਜਿਸਟਰ ਵਿੱਚ ਕਰਨਾ ਲਾਜ਼ਮੀ ਹੈ, ਇਸਦੇ ਨਾਲ ਹੀ ਸਕੂਲ ਮੁਖੀ ਵੱਲੋਂ ਨਾਲ ਦੀ ਨਾਲ ਸਕੂਲ ਲਾਗਇੰਨ ਆਈ.ਡੀ. ਅਧੀਨ Unified Registration Portal ਵਿੱਚ ਐਂਟਰੀ ਕਰਨਾ ਵੀ ਲਾਜ਼ਮੀ ਹੋਵੇਗਾ। ਆਨਲਾਈਨ ਐਂਟਰੀ ਕਰਦੇ ਸਮੇਂ ਆਫਲਾਈਨ ਦਾਖਲਾ ਖਾਰਜ ਰਜਿਸਟਰ ਅਨੁਸਾਰ ਹੀ ਦਾਖਲਾ ਨੰਬਰ, ਦਾਖਲਾ ਮਿਤੀ ਅਤੇ ਫਾਰਮ ਵਿੱਚ ਮੰਗੇ ਗਏ ਹੋਰ ਸਾਰੇ ਵੇਰਵੇ ਦਰਜ ਕੀਤੇ ਜਾਣਗੇ । ਰਫ਼ ਪ੍ਰਿੰਟ ਦੀ ਆਪਸ਼ਨ ਵਿੱਚ ਵਿਦਿਆਰਥੀਆਂ ਦੇ ਐਂਟਰ ਕੀਤੇ ਗਏ ਵੇਰਵਿਆਂ ਨੂੰ ਚੈੱਕ ਕੀਤਾ ਜਾਵੇ ਅਤੇ ਜੇਕਰ ਕੋਈ ਸੋਧ ਲੋੜੀਂਦੀ ਹੈ ਤਾਂ ਦਾਖਲਾ ਖਾਰਜ ਰਜਿਸਟਰ ਨੂੰ e-sign ਕਰਨ ਤੋਂ ਪਹਿਲਾਂ ਕਰ ਲਈ ਜਾਵੇ ।

(8) ਇਸ ਤੋਂ ਇਲਾਵਾ student verification form ਦਾ ਪ੍ਰਿੰਟ ਕੱਢ ਕੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ/ਸਰਪ੍ਰਸਤ ਤੋਂ ਵੇਰਵੇ ਚੈੱਕ ਕਰਵਾਉਂਦੇ ਹੋਏ ਉਹਨਾਂ ਦੀ ਸਹਿਮਤੀ (consent) ਲੈਣਾ ਲਾਜ਼ਮੀ

